**Bal Bharati PUBLIC SCHOOL LUDHIANA**

**Name - ____________** **Final Term Test (2024 - 2025)** **Date – 13.03.25**

**Roll No. __________** ਜਮਾਤ – ਚੌਥੀ **Subject-Punjabi**

**Time -2 hrs 30 mins** **M.Marks : 60**

(ਭਾਗ – ੳ)

**(ੳ) ਬਹੁ–ਵਿਕਲਪੀ ਪ੍ਰਸ਼ਨ–** (3)

1. ਚਿੱਤਰਕਾਰ ਹੋਣ ਦੇ ਨਾਲ-ਨਾਲ ਸੋਭਾ ਸਿੰਘ ਜੀ ਬਹੁਤ ਵਧੀਆ ਕੀ ਸਨ? (ਕਵੀ, ਲੇਖਕ, ਬੁੱਤ–ਤਰਾਸ਼ )
2. ਕਿਹੜਾ ਤਿਓਹਾਰ ਦੀਵਿਆਂ ਦਾ ਤਿਓਹਾਰ ਕਹਾਉਂਦਾ ਹੈ? (ਹੋਲੀ, ਦੁਸਹਿਰਾ, ਦੀਵਾਲੀ)
3. ਨਿੱਕੂ ਕੀ ਤੋੜਨ ਲਈ ਦਰੱਖ਼ਤ ਤੇ ਚੜ੍ਹਿਆ ਸੀ? (ਫੁੱਲ, ਅੰਬ, ਸੇਬ )
4. ਸੋਭਾ ਸਿੰਘ ਜੀ ਨੂੰ ਚਿੱਤਰਕਾਰੀ ਦੀ ਚੇਟਕ ਕਦੋਂ ਲੱਗੀ? (ਨਿੱਕੀ ਉਮਰ ਤੋਂ, ਬੁਢਾਪੇ ਵਿੱਚ,ਛੋਟੀ ਉਮਰ ਵਿੱਚ)
5. ਫਰਿਹਾਦ ਨੇ ਪਹਾੜ ਚੀਰ ਕੇ ਕਿਸ ਦੀ ਨਹਿਰ ਵਗਾ ਦਿੱਤੀ ਸੀ? (ਦੁੱਧ ਦੀ , ਮਿੱਟੀ ਦੀ, ਪਾਣੀ ਦੀ )
6. ਸੋਭਾ ਸਿੰਘ ਦੀ ਕਿੰਨੀ ਉਮਰ ਸੀ ਜਦੋਂ ਉਨ੍ਹਾਂ ਦੇ ਮਾਤਾ-ਪਿਤਾ ਦਾ ਦੇਹਾਂਤ ਹੋ ਗਿਆ? (ਤਿੰਨ ਸਾਲ, ਪੰਜ ਸਾਲ, ਛੇ ਸਾਲ)

**(ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।** (12)

7. ਮਹਾਨ ਚਿੱਤਰਕਾਰ ਸੋਭਾ ਸਿੰਘ ਦਾ ਜਨਮ ਕਦੋਂ ਤੇ ਕਿੱਥੇ ਹੋਇਆ?
8. ਸੈਂਟਾਕਲੌਜ਼ ਕਿਸ ਤਿਓਹਾਰ ਦੇ ਮੌਕੇ ਆਉਂਦਾ ਹੈ? ਇਹ ਤਿਓਹਾਰ ਕਦੋਂ ਮਨਾਇਆ ਜਾਂਦਾ ਹੈ?
9. ਸਾਡਾ ਆਤਮ ਵਿਸ਼ਵਾਸ ਸਾਡੇ ਕੋਲੋਂ ਕੀ ਕੁਝ ਕਰਵਾ ਸਕਦਾ ਹੈ?
10. ਡਾ: ਸਰੋਜ ਚਮਨ ਨੇ ਸੋਭਾ ਸਿੰਘ ਬਾਰੇ ਕੀ ਕਿਹਾ ਹੈ?
11. 'ਤਿਓਹਾਰ' ਕਵਿਤਾ ਵਿੱਚ ਆਏ ਸਾਰੇ ਮੇਲਿਆਂ ਦੇ ਨਾਂ ਲਿਖੋ।
12. ਵਿਸ਼ਵਾਸ ਅਤੇ ਅੰਧ ਵਿਸ਼ਵਾਸ ਵਿੱਚ ਕੀ ਅੰਤਰ ਹੈ?

**(ੲ) ਸ਼ਬਦਾਂ ਦੇ ਸਹੀ ਅਰਥ ਉੱਤੇ ਨਿਸ਼ਾਨ ਲਗਾਉ।** (4)

13. ਦੁਨੀਆ – (ਚਿੱਤਰਕਲਾ / ਹਫ਼ਤਾਵਾਰ / ਸੰਸਾਰ)
14. ਬਦੀ – (ਯੁੱਧ / ਬੁਰਾਈ / ਖ਼ਤਮ ਕਰਨਾ)
15. ਆਤਮ-ਵਿਸ਼ਵਾਸ – (ਸਵੈ-ਭਰੋਸਾ / ਅੰਤਰ / ਤੇਜ਼ੀ)
16. ਛਾਲ – (ਮਾਣ / ਛੋਟੇ ਬੂਟੇ / ਛਲਾਂਗ )
17. ਬੇਸ਼ੁਮਾਰ – (ਬਹੁਤ ਜ਼ਿਆਦਾ / ਕਲਾ ਦਿਵਸ / ਖੇਡ ਦਿਵਸ)
18. ਅਤੀ – (ਬੇਅਕਲ / ਬਹੁਤਾਤ / ਦਇਆ)
19. ਸਰਦਾਰ – (ਪਤਾਲ ਲੋਕ / ਮੁਖੀ / ਯੁੱਧ )
20. ਟਿਕਾਣਾ – (ਅੱਵਲ / ਫੇਲ / ਰਹਿਣ ਦੀ ਥਾਂ)

**(ਸ) ਖ਼ਾਲੀ ਥਾਵਾਂ ਭਰੋ।** (4)

21. ਨਿੱਕੂ ਚਾਈਂ-ਚਾਈਂ __________ ਵਿੱਚ ਭਾਗ ਲੈਣਾ ਚਾਹੁੰਦਾ ਸੀ।
22. ਬਸੰਤ ਰੁੱਤ ਨੂੰ ਰੁੱਤਾਂ ਦੀ __________ ਕਿਹਾ ਜਾਂਦਾ ਹੈ।
23. ਗੁਰੂ ਰਵਿਦਾਸ ਜੀ ਨੇ __________ ਤਾਰੇ।
24. _________ ਸੋਭਾ ਸਿੰਘ ਜੀ ਦਾ ਬਣਾਇਆ ਪ੍ਰਸਿੱਧ ਚਿੱਤਰ ਹੈ।

**(ਹ) ਵਾਕ ਬਣਾਉ –** **(4)**

25. ਸ਼ਸਤਰ – ______________________________________________।

26. ਗੁਰਬਾਣੀ – ______________________________________________।

27. ਨਹਿਰ – ______________________________________________।

28. ਜਨਮ-ਦਿਨ – ______________________________________________।

**(ਕ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ।** (3)

29. ਕਲਾ ਨੂੰ ਪਿਆਰ ਕਰਨ ਵਾਲਾ- __________

30. ਜੋ ਚਿੱਤਰ ਬਣਾਉਂਦਾ ਹੈ – __________

31. ਉਹ ਕਾਗਜ਼ ਜਾਂ ਕੱਪੜਾ ਜਿਸ ਉੱਪਰ ਚਿੱਤਰਕਾਰ ਚਿੱਤਰ ਬਣਾਉਂਦਾ ਹੈ- __________

**(ਖ) ਸਹੀ ਜਾਂ ਗ਼ਲਤ ਲਿਖੋ-** (1)

32. ਜੇ ਤੁਸੀਂ ਆਪਣੇ-ਆਪ ਵਿੱਚ ਵਿਸ਼ਵਾਸ ਰੱਖੋਗੇ ਤਾਂ ਜ਼ਰੂਰ ਤਰੱਕੀ ਕਰੋਗੇ। (     )

33. ਸੋਭਾ ਸਿੰਘ ਜੀ ਦਾ ਪਾਲਣ-ਪੋਸ਼ਣ ਉਨ੍ਹਾਂ ਦੇ ਮਾਤਾ-ਪਿਤਾ ਨੇ ਕੀਤਾ। (     )

**(ਗ) ਸ਼ੁੱਧ ਸ਼ਬਦ ਉੱਤੇ ਗੋਲਾ ਲਗਾਓ-** (1)

34. ਆਛਤੀਫ਼ਾ ਅਸਤਿਫ਼ਾ ਅਸਤੀਫ਼ਾ

35. ਨਜਾਰਾ ਨਜ਼ਾਰਾ ਨਯਾਰਾ

**(ਘ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿੱਤੇ ਗਏ ਖਾਨਿਆਂ ਵਿੱਚੋਂ ਚੁਣੋ-** (1)

36. ਦਿੱਤੇ ਗਏ ਸ਼ਬਦਾਂ ਵਿੱਚੋਂ ਨਾਂਵ ਸ਼ਬਦ ਚੁਣੋ। ( ਉਹ, ਹੈ, ਮੁੰਡਾ )

37. 'ਫ਼ਰਕ' ਦਾ ਵਿਰੋਧੀ ਸ਼ਬਦ ਕੀ ਹੈ? (ਅੰਤਰ , ਸਮਾਨਤਾ , ਅਸਮਾਨਤਾ)

**(ਙ) ਹੇਠ ਲਿਖੀਆਂ ਕਾਵਿ ਸਤਰਾਂ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ।** (2)

"ਇਹ ਸਾਡੇ ਤਿਉਹਾਰ ਤੇ ਮੇਲੇ,
ਮੇਲੀਆਂ ਦੇ ਕਰਾਉਂਦੇ ਮੇਲੇ।
ਆਉਂਦੇ ਨੇ ਇਹ ਸਾਲੋ-ਸਾਲ,
ਖ਼ੁਸ਼ੀਆਂ ਵੰਡਣ ਨਾਲੋ-ਨਾਲ।"

38. ਇਨ੍ਹਾਂ ਕਾਵਿ ਸਤਰਾਂ ਵਿੱਚ ਕਿਸ ਦੇ ਸਾਲੋ-ਸਾਲ ਆਉਣ ਦੀ ਗੱਲ ਕੀਤੀ ਗਈ ਹੈ?

39. ਮੇਲੇ ਕੀ ਕਰਾਉਂਦੇ ਹਨ?

**ਭਾਗ ( ਅ)**

**(ੳ) ਅਸ਼ੁੱਧ- ਸ਼ੁੱਧ** (4)

40. ਪਰਕਾਰ – ________ 41. ਕਯੋਂ – ________

42. ਰਾਨੀ – ________ 43. ਫੈਦਾ – ________

(ਅ) ਗਿਣਤੀ (4)

44. (73) – ______ 45. (80) – ______ 46. (76) – _____ 47. (79) – ________

(ੲ) ਅਣਡਿੱਠਾ ਪੈਰ੍ਹਾ (5)

ਰਮਨ ਨੌਵੀਂ ਜਮਾਤ ਦਾ ਵਿਦਿਆਰਥੀ ਸੀ। ਉਹ ਪੜ੍ਹਾਈ ਅਤੇ ਖੇਡਾਂ ਦੋਹਾਂ ਵਿੱਚ ਹੀ ਅੱਗੇ ਸੀ।ਪਰ ਉਹ ਆਪਣੀ ਮਨਮਰਜ਼ੀ ਕਰਦਾ ਸੀ।ਜਦੋਂ ਜੀਅ ਕਰਦਾ ਤੇ ਜਿਵੇਂ ਜੀਅ ਕਰਦਾ, ਉਹ ਆਪਣਾ ਕੰਮ ਕਰਦਾ ਸੀ।ਆਪਣੇ ਮਾਤਾ-ਪਿਤਾ ਅਤੇ ਅਧਿਆਪਕਾਂ ਦੀ ਕਹੀ ਗੱਲ ਤੇ ਅਮਲ ਘੱਟ ਹੀ ਕਰਦਾ ਸੀ।ਉਸ ਦੀ ਇਸ ਆਦਤ ਤੋਂ ਅਧਿਆਪਕਾਂ ਦੇ ਨਾਲ-ਨਾਲ ਉਸਦੇ ਮਾਪੇ ਵੀ ਪਰੇਸ਼ਾਨ ਸਨ।ਇਸ ਆਦਤ ਕਰਕੇ ਉਸਦੀ ਆਪਣੇ ਭੈਣ-ਭਰਾਵਾਂ ਨਾਲ ਵੀ ਘੱਟ ਹੀ ਬਣਦੀ ਸੀ।ਉਸ ਨੂੰ ਲੱਗਦਾ ਕਿ ਉਸਨੂੰ ਕਿਸੇ ਦੀ ਲੋੜ ਨਹੀਂ।ਉਹ ਸਾਰੇ ਕੰਮ ਇਕੱਲਾ ਹੀ ਕਰ ਸਕਦਾ ਹੈ।ਉਸਨੂੰ ਆਪਣੀ ਸਰੀਰਕ ਤਾਕਤ ਦਾ ਵੀ ਬਹੁਤ ਮਾਣ ਸੀ।ਇਸ ਲਈ ਹਰ ਦੂਜੇ ਦਿਨ ਉਹ ਸਕੂਲ ਵੀ ਕਿਸੇ ਨਾ ਕਿਸੇ ਨਾਲ ਪੰਗਾ ਲਈ ਰੱਖਦਾ ਸੀ।ਇੱਕ ਦਿਨ ਉਹ ਸਕੂਲੋਂ ਵਾਪਸ ਆ ਰਿਹਾ ਸੀ ਤਾਂ ਕੁੱਝ ਮੁੰਡਿਆਂ ਨੇ ਉਸਨੂੰ ਇਕੱਲਾ ਵੇਖ ਕੇ ਉਸ ਦੀ ਮਾਰ-ਕੁਟਾਈ ਸ਼ੁਰੂ ਕਰ ਦਿੱਤੀ।ਉਸਨੇ ਉਨ੍ਹਾਂ ਦੇ ਚੁੰਗਲ ਵਿੱਚੋਂ ਛੁੱਟਣ ਦੀ ਬਹੁਤ ਕੋਸ਼ਿਸ ਕੀਤੀ ਪਰ ਅਸਫ਼ਲ ਰਿਹਾ।ਹਾਰ ਕੇ ਉਸਨੇ ਉੱਚੀ-ਉੱਚੀ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਉਸਦੀਆਂ ਚੀਕਾਂ ਸੁਣ ਕੇ ਉਸ ਦਾ ਵੱਡਾ ਭਰਾ ਉਸ ਕੋਲ ਆਇਆ।ਰਮਨ ਦੇ ਵੱਡੇ ਭਰਾ ਨੂੰ ਵੇਖਦੇ ਹੀ ਸਾਰੇ ਮੁੰਡੇ ਉੱਥੋਂ ਭੱਜ ਗਏ।

**ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:**

48. ਰਮਨ ਦੀਆਂ ਹਰਕਤਾਂ ਤੋਂ ਕੌਣ-ਕੌਣ ਪਰੇਸ਼ਾਨ ਸੀ?

49. ਰਮਨ ਦੀ ਕਿਸ ਨਾਲ ਘੱਟ ਬਣਦੀ ਸੀ?

50. ਰਮਨ ਦੀ ਮਦਦ ਲਈ ਕੌਣ ਆਇਆ?

51. ਸਹੀ ਜਾਂ ਗ਼ਲਤ –

ਜਦੋਂ ਮੁੰਡਿਆਂ ਨੇ ਰਮਨ ਦੀ ਮਾਰ-ਕੁਟਾਈ ਸ਼ੁਰੂ ਕੀਤੀ ਤਾਂ ਉਸ ਨਾਲ ਉਸਦੇ ਦੋਸਤ ਸਨ। (   )

52. **'ਸਫ਼ਲ'** ਸ਼ਬਦ ਦਾ ਵਿਰੋਧੀ ਸ਼ਬਦ ਲਿਖੋ–

(ਸ) ਹੇਠ ਲਿਖੇ ਵਾਕਾਂ ਵਿੱਚੋਂ ਵਿਸ਼ੇਸ਼ਣ ਸ਼ਬਦਾਂ ਹੇਠ ਲਾਈਨ ਲਗਾਓ। (2)

53. ਠੰਡੇ ਪਾਣੀ ਨਾਲ ਨਹੀਂ ਨਹਾਉਣਾ ਚਾਹੀਦਾ।

54. ਰਾਮ ਦੇ ਚਾਰ ਪੈੱਨ ਖੋ ਗਏ।

55. ਕਾਲਾ ਘੋੜਾ ਘਾਹ ਖਾ ਰਿਹਾ ਹੈ।

56. ਉਸਨੇ ਲਾਲ ਕਮੀਜ਼ ਪਾਈ ਹੋਈ ਹੈ।

(ਹ) ਹੇਠ ਲਿਖੇ ਵਾਕਾਂ ਵਿੱਚੋਂ ਕਿਰਿਆ ਸ਼ਬਦਾਂ ਹੇਠ ਲਾਈਨ ਲਗਾਓ। (2)

57. ਉਹ ਪੜ੍ਹਾਈ ਕਰ ਰਿਹਾ ਹੈ।

58. ਉਹ ਆਪਣਾ ਹਰਾ ਸਵੈਟਰ ਲੱਭ ਰਿਹਾ ਸੀ।

59. ਗੀਤਾ ਗਾਣਾ ਗਾ ਰਹੀ ਹੈ।

60. ਸਾਹਿਲ ਸਕੂਟਰ ਚਲਾਉਂਦਾ ਹੈ।

(ਕ) ਲੇਖ – ਮੇਰਾ ਸਕੂਲ (8)

**Bal Bharati**
**PUBLIC SCHOOL**
**LUDHIANA**

| | | |
|---|---|---|
| **Name - ____________** | **Final Term Test (March 2025)** | **Date – 13.03.25** |
| **Roll No. __________** | **ਜਮਾਤ – ਚੌਥੀ** | **Subject-Punjabi** |
| **Time -2 hr 30 mins** | Ans Key | **M.Marks : 60** |

**(ਭਾਗ – ੳ)**

**(ੳ) ਬਹੁ-ਵਿਕਲਪੀ ਪ੍ਰਸ਼ਨ-** (3)

1. ਚਿੱਤਰਕਾਰ ਹੋਣ ਦੇ ਨਾਲ-ਨਾਲ ਸੋਭਾ ਸਿੰਘ ਜੀ ਬਹੁਤ ਵਧੀਆ ਕੀ ਸਨ? (ਕਵੀ, ਲੇਖਕ, **ਬੁੱਤ-ਤਰਾਸ਼** )
2. ਕਿਹੜਾ ਤਿਓਹਾਰ ਦੀਵਿਆਂ ਦਾ ਤਿਓਹਾਰ ਕਹਾਉਂਦਾ ਹੈ? (ਹੋਲੀ, ਦੁਸਹਿਰਾ, **ਦੀਵਾਲੀ**)
3. ਨਿੱਕੂ ਕੀ ਤੋੜਨ ਲਈ ਦਰੱਖ਼ਤ ਤੇ ਚੜ੍ਹਿਆ ਸੀ? (ਫੁੱਲ, **ਅੰਬ**, ਸੇਬ )
4. ਸੋਭਾ ਸਿੰਘ ਜੀ ਨੂੰ ਚਿੱਤਰਕਾਰੀ ਦੀ ਚੇਟਕ ਕਦੋਂ ਲੱਗੀ? (ਨਿੱਕੀ ਉਮਰ ਤੋਂ,ਬੁਢਾਪੇ ਵਿੱਚ, **ਛੋਟੀ ਉਮਰ ਵਿੱਚ**)
5. ਫਰਿਹਾਦ ਨੇ ਪਹਾੜ ਚੀਰ ਕੇ ਕਿਸ ਦੀ ਨਹਿਰ ਵਗਾ ਦਿੱਤੀ ਸੀ? (**ਦੁੱਧ ਦੀ** , ਮਿੱਟੀ ਦੀ, ਪਾਣੀ ਦੀ )
6. ਸੋਭਾ ਸਿੰਘ ਦੀ ਕਿੰਨੀ ਉਮਰ ਸੀ ਜਦੋਂ ਉਨ੍ਹਾਂ ਦੇ ਮਾਤਾ-ਪਿਤਾ ਦਾ ਦੇਹਾਂਤ ਹੋ ਗਿਆ? (ਤਿੰਨ ਸਾਲ, **ਪੰਜ ਸਾਲ**, ਛੇ ਸਾਲ)

**(ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।** (12)

7. ਮਹਾਨ ਚਿੱਤਰਕਾਰ ਸੋਭਾ ਸਿੰਘ ਦਾ ਜਨਮ ਕਦੋਂ ਤੇ ਕਿੱਥੇ ਹੋਇਆ?

ਉੱਤਰ- **ਸੋਭਾ ਸਿੰਘ ਦਾ ਜਨਮ 29 ਨਵੰਬਰ 1901 ਈ: ਵਿੱਚ ਹਰਗੋਬਿੰਦਪੁਰ ਜਿਲ੍ਹਾ ਗੁਰਦਾਸਪੁਰ ਵਿੱਚ ਹੋਇਆ।**

8. ਸੈਂਟਾਕਲੌਜ਼ ਕਿਸ ਤਿਓਹਾਰ ਦੇ ਮੌਕੇ ਆਉਂਦਾ ਹੈ? ਇਹ ਤਿਓਹਾਰ ਕਦੋਂ ਮਨਾਇਆ ਜਾਂਦਾ ਹੈ?

ਉੱਤਰ- **ਸੈਂਟਾਲਕੌਜ਼ ਕ੍ਰਿਸਮਿਸ ਦੇ ਤਿਉਹਾਰ ਦੇ ਮੌਕੇ ਆਉਂਦਾ ਹੈ । ਇਹ ਤਿਉਹਾਰ ਹਰ ਸਾਲ 25 ਦਸੰਬਰ ਨੂੰ ਮਨਾਇਆ ਜਾਂਦਾ ਹੈ।**

9. ਸਾਡਾ ਆਤਮ ਵਿਸ਼ਵਾਸ ਸਾਡੇ ਕੋਲੋਂ ਕੀ ਕੁਝ ਕਰਵਾ ਸਕਦਾ ਹੈ?

ਉੱਤਰ- **ਸਾਡਾ ਆਤਮ ਵਿਸ਼ਵਾਸ ਸਾਡੇ ਕੋਲੋਂ ਕੋਈ ਵੀ ਅਸੰਭਵ ਕੰਮ ਕਰਵਾ ਸਕਦਾ ਹੈ।**

10. ਡਾ: ਸਰੋਜ ਚਮਨ ਨੇ ਸੋਭਾ ਸਿੰਘ ਬਾਰੇ ਕੀ ਕਿਹਾ ਹੈ?

ਉੱਤਰ- **ਡਾ: ਸਰੋਜ ਚਮਨ ਨੇ ਸੋਭਾ ਸਿੰਘ ਨੂੰ ਆਪਣੇ ਆਪ ਵਿੱਚ ਪੂਰਾ ਬ੍ਰਹਿਮੰਡ ਕਿਹਾ ਹੈ।**

11.'ਤਿਓਹਾਰ' ਕਵਿਤਾ ਵਿੱਚ ਆਏ ਸਾਰੇ ਮੇਲਿਆਂ ਦੇ ਨਾਂ ਲਿਖੋ।

ਉੱਤਰ- **ਇਸ ਕਵਿਤਾ ਵਿੱਚ ਲੋਹੜੀ, ਮਾਘੀ, ਬਸੰਤ ਪੰਚਮੀ, ਹੋਲਾ-ਮਹੱਲਾ ਅਤੇ ਵਿਸਾਖੀ ਆਦਿ ਮੇਲਿਆਂ ਦੇ ਨਾਂ ਆਏ ਹਨ।**

12. ਵਿਸ਼ਵਾਸ ਅਤੇ ਅੰਧ ਵਿਸ਼ਵਾਸ ਵਿੱਚ ਕੀ ਅੰਤਰ ਹੈ?

ਉੱਤਰ - **ਕਿਸੇ ਦੂਜੇ ਦੀ ਜਾਂ ਆਪਣੇ ਮਨ ਦੀ ਗੱਲ ਮੰਨ ਕੇ ਕੁੱਝ ਕਰਨਾ ਵਿਸ਼ਵਾਸ ਕਹਾਉਂਦਾ ਹੈ ਪਰ ਵਿਸ਼ਵਾਸ ਦੀ ਅਤੀ ਹੋ ਜਾਣ ਤੇ ਉਹ ਅੰਧ ਵਿਸ਼ਵਾਸ ਬਣ ਜਾਂਦਾ ਹੈ।**

**(ਏ) ਸ਼ਬਦਾਂ ਦੇ ਸਹੀ ਅਰਥ ਉੱਤੇ ਨਿਸ਼ਾਨ ਲਗਾਉ।** (4)

13. ਦੁਨੀਆ – (ਚਿੱਤਰਕਲਾ / ਹਫ਼ਤਾਵਾਰ / **ਸੰਸਾਰ**)
14. ਬਦੀ – (ਯੁੱਧ / **ਬੁਰਾਈ** / ਖ਼ਤਮ ਕਰਨਾ)
15. ਆਤਮ-ਵਿਸ਼ਵਾਸ – (**ਸਵੈ-ਭਰੋਸਾ** / ਅੰਤਰ / ਤੇਜ਼ੀ)
16. ਛਾਲ – (ਮਾਣ / ਛੋਟੇ ਬੂਟੇ / **ਛਲਾਂਗ** )
17. ਬੇਸ਼ੁਮਾਰ – (**ਬਹੁਤ ਜ਼ਿਆਦਾ** / ਕਲਾ ਦਿਵਸ / ਖੇਡ ਦਿਵਸ)
18. ਅਤੀ – (ਬੇਅਕਲ / **ਬਹੁਤਾਤ** / ਦਇਆ)
19. ਸਰਦਾਰ – (ਪਤਾਲ ਲੋਕ / **ਮੁਖੀ** / ਯੁੱਧ )
20. ਟਿਕਾਣਾ – (ਅੱਵਲ / ਫੇਲ / **ਰਹਿਣ ਦੀ ਥਾਂ**)

**(ਸ) ਖ਼ਾਲੀ ਥਾਵਾਂ ਭਰੋ।** (4)

21. ਨਿੱਕੂ ਚਾਈਂ-ਚਾਈਂ **ਖੇਡਾਂ** ਵਿੱਚ ਭਾਗ ਲੈਣਾ ਚਾਹੁੰਦਾ ਸੀ।
22. ਬਸੰਤ ਰੁੱਤ ਨੂੰ ਰੁੱਤਾਂ ਦੀ **ਰਾਣੀ** ਕਿਹਾ ਜਾਂਦਾ ਹੈ।
23. ਗੁਰੂ ਰਵਿਦਾਸ ਜੀ ਨੇ **ਡੁੱਬਦੇ ਪੱਥਰ** ਤਾਰੇ।
24. **ਸੋਹਣੀ ਮਹੀਵਾਲ** ਸੋਭਾ ਸਿੰਘ ਜੀ ਦਾ ਬਣਾਇਆ ਪ੍ਰਸਿੱਧ ਚਿੱਤਰ ਹੈ।

**(ਹ) ਵਾਕ ਬਣਾਉ –** (4)

25. ਸ਼ਸਤਰ – **ਗੁਰੂ ਸਹਿਬਾਨਾਂ ਦੇ ਸ਼ਸਤਰ ਅੱਜ ਵੀ ਸੰਭਾਲ ਕੇ ਰੱਖੇ ਹੋਏ ਹਨ।** (ਕੋਈ ਵੀ ਹੋਰ)
26. ਗੁਰਬਾਣੀ – **ਗੁਰਬਾਣੀ ਵਿੱਚ ਸਾਰੇ ਦੁੱਖਾਂ ਦਾ ਇਲਾਜ਼ ਹੈ।** (ਕੋਈ ਵੀ ਹੋਰ)
27. ਨਹਿਰ – **ਨਹਿਰ ਵਿੱਚ ਪਾਣੀ ਬਹੁਤ ਤੇਜ਼ ਵਹਿ ਰਿਹਾ ਹੈ।** (ਕੋਈ ਵੀ ਹੋਰ)
28. ਜਨਮ-ਦਿਨ – **ਅੱਜ ਮੇਰਾ ਜਨਮ-ਦਿਨ ਹੈ।** (ਕੋਈ ਵੀ ਹੋਰ)

**(ਕ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ।** (3)

29. ਕਲਾ ਨੂੰ ਪਿਆਰ ਕਰਨ ਵਾਲਾ- **ਕਲਾਪ੍ਰੇਮੀ**
30. ਜੋ ਚਿੱਤਰ ਬਣਾਉਂਦਾ ਹੈ – **ਚਿੱਤਰਕਾਰ**
31. ਉਹ ਕਾਗਜ਼ ਜਾਂ ਕੱਪੜਾ ਜਿਸ ਉੱਪਰ ਚਿੱਤਰਕਾਰ ਚਿੱਤਰ ਬਣਾਉਂਦਾ ਹੈ- **ਕੈਨਵਸ**

**(ਖ) ਸਹੀ ਜਾਂ ਗ਼ਲਤ ਲਿਖੋ-** (1)

32. ਜੇ ਤੁਸੀਂ ਆਪਣੇ-ਆਪ ਵਿੱਚ ਵਿਸ਼ਵਾਸ ਰੱਖੋਗੇ ਤਾਂ ਜ਼ਰੂਰ ਤਰੱਕੀ ਕਰੋਗੇ। ( **ਸਹੀ** )
33. ਸੋਭਾ ਸਿੰਘ ਜੀ ਦਾ ਪਾਲਣ-ਪੋਸ਼ਣ ਉਨ੍ਹਾਂ ਦੇ ਮਾਤਾ-ਪਿਤਾ ਨੇ ਕੀਤਾ। ( **ਗ਼ਲਤ** )

**(ਗ) ਸ਼ੁੱਧ ਸ਼ਬਦ ਉੱਤੇ ਗੋਲਾ ਲਗਾਓ-** (1)

34. ਆਫ਼ਤੀਫ਼ਾ ਅਸਤਿਫ਼ਾ **ਅਸਤੀਫ਼ਾ**
35. ਨਜਾਰਾ **ਨਜ਼ਾਰਾ** ਨਯਾਰਾ

**(ਘ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿੱਤੇ ਗਏ ਖਾਨਿਆਂ ਵਿੱਚੋਂ ਚੁਣੋ-** (1)

36. ਦਿੱਤੇ ਗਏ ਸ਼ਬਦਾਂ ਵਿੱਚੋਂ ਨਾਂਵ ਸ਼ਬਦ ਚੁਣੋ। ( ਉਹ, ਹੈ, **ਮੁੰਡਾ** )

37. 'ਫ਼ਰਕ' ਦਾ ਵਿਰੋਧੀ ਸ਼ਬਦ ਕੀ ਹੈ? ( ਅੰਤਰ , **ਸਮਾਨਤਾ** , ਅਸਮਾਨਤਾ)

**(ਙ) ਹੇਠ ਲਿਖੀਆਂ ਕਾਵਿ ਸਤਰਾਂ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ।** (2)

"ਇਹ ਸਾਡੇ ਤਿਉਹਾਰ ਤੇ ਮੇਲੇ,

ਮੇਲੀਆਂ ਦੇ ਕਰਾਉਂਦੇ ਮੇਲੇ।

ਆਉਂਦੇ ਨੇ ਇਹ ਸਾਲੋ-ਸਾਲ,

ਖ਼ੁਸ਼ੀਆਂ ਵੰਡਣ ਨਾਲੋ-ਨਾਲ।"

38. ਇਨ੍ਹਾਂ ਕਾਵਿ ਸਤਰਾਂ ਵਿੱਚ ਕਿਸ ਦੇ ਸਾਲੋ-ਸਾਲ ਆਉਣ ਦੀ ਗੱਲ ਕੀਤੀ ਗਈ ਹੈ?

ਉੱਤਰ - **ਇਨ੍ਹਾਂ ਕਾਵਿ ਸਤਰਾਂ ਵਿੱਚ ਤਿਉਹਾਰਾਂ ਅਤੇ ਮੇਲਿਆਂ ਦੇ ਸਾਲੋ-ਸਾਲ ਆਉਣ ਦੀ ਗੱਲ ਕੀਤੀ ਗਈ ਹੈ।**

39. ਮੇਲੇ ਕੀ ਕਰਾਉਂਦੇ ਹਨ?

ਉੱਤਰ -**ਮੇਲੇ ਸਾਡੇ ਰਿਸ਼ਤੇਦਾਰਾਂ ਅਤੇ ਮਿੱਤਰਾਂ (ਮੇਲੀਆਂ) ਨਾਲ ਸਾਡੇ ਮੇਲ ਕਰਾਉਂਦੇ ਹਨ।**

### ਭਾਗ ( ਅ)

**(ੳ) ਅਸ਼ੁੱਧ- ਸ਼ੁੱਧ** (4)

40. ਪਰਕਾਰ – **ਪ੍ਰਕਾਰ**

41. ਕਯੋਂ – **ਕਿਉਂ**

42. ਰਾਨੀ – **ਰਾਣੀ**

43. ਫੈਦਾ – **ਫ਼ਾਇਦਾ**

**(ਅ) ਗਿਣਤੀ** (4)

44. (73) – **ਤਿਹੱਤਰ**

45. (80) – **ਅੱਸੀ**

46. (76) – **ਛਿਹੱਤਰ**

47. (79) – **ਉਣਾਸੀ**

(ੲ) ਅਣਡਿੱਠਾ ਪੈਰ੍ਹਾ (5)

ਰਮਨ ਨੌਵੀਂ ਜਮਾਤ ਦਾ ਵਿਦਿਆਰਥੀ ਸੀ। ਉਹ ਪੜ੍ਹਾਈ ਅਤੇ ਖੇਡਾਂ ਦੋਹਾਂ ਵਿੱਚ ਹੀ ਅੱਗੇ ਸੀ।ਪਰ ਉਹ ਆਪਣੀ ਮਨਮਰਜ਼ੀ ਕਰਦਾ ਸੀ।ਜਦੋਂ ਜੀਅ ਕਰਦਾ ਤੇ ਜਿਵੇਂ ਜੀਅ ਕਰਦਾ, ਉਹ ਆਪਣਾ ਕੰਮ ਕਰਦਾ ਸੀ।ਆਪਣੇ ਮਾਤਾ-ਪਿਤਾ ਅਤੇ ਅਧਿਆਪਕਾਂ ਦੀ ਕਹੀ ਗੱਲ ਤੇ ਅਮਲ ਘੱਟ ਹੀ ਕਰਦਾ ਸੀ।ਉਸ ਦੀ ਇਸ ਆਦਤ ਤੋਂ ਅਧਿਆਪਕਾਂ ਦੇ ਨਾਲ-ਨਾਲ ਉਸਦੇ ਮਾਪੇ ਵੀ ਪਰੇਸ਼ਾਨ ਸਨ।ਇਸ ਆਦਤ ਕਰਕੇ ਉਸਦੀ ਆਪਣੇ ਭੈਣ-ਭਰਾਵਾਂ ਨਾਲ ਵੀ ਘੱਟ ਹੀ ਬਣਦੀ ਸੀ।ਉਸ ਨੂੰ ਲੱਗਦਾ ਕਿ ਉਸਨੂੰ ਕਿਸੇ ਦੀ ਲੋੜ ਨਹੀਂ।ਉਹ ਸਾਰੇ ਕੰਮ ਇਕੱਲਾ ਹੀ ਕਰ ਸਕਦਾ ਹੈ।ਉਸਨੂੰ ਆਪਣੀ ਸਰੀਰਕ ਤਾਕਤ ਦਾ ਵੀ ਬਹੁਤ ਮਾਣ ਸੀ।ਇਸ ਲਈ ਹਰ ਦੂਜੇ ਦਿਨ ਉਹ ਸਕੂਲ ਵੀ ਕਿਸੇ ਨਾ ਕਿਸੇ ਨਾਲ ਪੰਗਾ ਲਈ ਰੱਖਦਾ ਸੀ।ਇੱਕ ਦਿਨ ਉਹ ਸਕੂਲੋਂ ਵਾਪਸ ਆ ਰਿਹਾ ਸੀ ਤਾਂ ਕੁੱਝ ਮੁੰਡਿਆਂ ਨੇ ਉਸਨੂੰ ਇਕੱਲਾ ਵੇਖ ਕੇ ਉਸ ਦੀ ਮਾਰ-ਕੁਟਾਈ ਸ਼ੁਰੂ ਕਰ ਦਿੱਤੀ।ਉਸਨੇ ਉਨ੍ਹਾਂ ਦੇ ਚੁੰਗਲ ਵਿੱਚੋਂ ਛੁੱਟਣ ਦੀ ਬਹੁਤ ਕੋਸ਼ਿਸ ਕੀਤੀ ਪਰ ਅਸਫ਼ਲ ਰਿਹਾ।ਹਾਰ ਕੇ ਉਸਨੇ ਉੱਚੀ-ਉੱਚੀ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਉਸਦੀਆਂ ਚੀਕਾਂ ਸੁਣ ਕੇ ਉਸ ਦਾ ਵੱਡਾ ਭਰਾ ਉਸ ਕੋਲ ਆਇਆ।ਰਮਨ ਦੇ ਵੱਡੇ ਭਰਾ ਨੂੰ ਵੇਖਦੇ ਹੀ ਸਾਰੇ ਮੁੰਡੇ ਉੱਥੋਂ ਭੱਜ ਗਏ।

ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:

48. ਰਮਨ ਦੀਆਂ ਹਰਕਤਾਂ ਤੋਂ ਕੌਣ-ਕੌਣ ਪਰੇਸ਼ਾਨ ਸੀ?

<u>ਉੱਤਰ- ਰਮਨ ਦੀਆਂ ਹਰਕਤਾਂ ਤੋਂ ਉਸਦੇ ਮਾਤਾ-ਪਿਤਾ ਤੇ ਅਧਿਆਪਕ ਪਰੇਸ਼ਾਨ ਸਨ।</u>

49. ਰਮਨ ਦੀ ਕਿਸ ਨਾਲ ਘੱਟ ਬਣਦੀ ਸੀ?

<u>ਉੱਤਰ- ਰਮਨ ਦੀ ਆਪਣੇ ਭੈਣ-ਭਰਾਵਾਂ ਨਾਲ ਵੀ ਘੱਟ ਬਣਦੀ ਸੀ।</u>

50. ਰਮਨ ਦੀ ਮਦਦ ਲਈ ਕੌਣ ਆਇਆ?

<u>ਉੱਤਰ- ਰਮਨ ਦੀ ਮਦਦ ਲਈ ਉਸਦਾ ਵੱਡਾ ਭਰਾ ਆਇਆ।</u>

51. ਸਹੀ ਜਾਂ ਗ਼ਲਤ -

ਜਦੋਂ ਮੁੰਡਿਆਂ ਨੇ ਰਮਨ ਦੀ ਮਾਰ-ਕੁਟਾਈ ਸ਼ੁਰੂ ਕੀਤੀ ਤਾਂ ਉਸ ਨਾਲ ਉਸਦੇ ਦੋਸਤ ਸਨ। **(ਗ਼ਲਤ )**

52. '**ਸਫ਼ਲ**' ਸ਼ਬਦ ਦਾ ਵਿਰੋਧੀ ਸ਼ਬਦ ਲਿਖੋ-

**ਸਫ਼ਲ - <u>ਅਸਫ਼ਲ</u>**

(ਸ) ਹੇਠ ਲਿਖੇ ਵਾਕਾਂ ਵਿੱਚੋਂ ਵਿਸ਼ੇਸ਼ਣ ਸ਼ਬਦਾਂ ਹੇਠ ਲਾਈਨ ਲਗਾਓ। (2)

53. **<u>ਠੰਡੇ</u>** ਪਾਣੀ ਨਾਲ ਨਹੀਂ ਨਹਾਉਣਾ ਚਾਹੀਦਾ।
54. ਰਾਮ ਦੇ **<u>ਚਾਰ</u>** ਪੈੱਨ ਖੋ ਗਏ।
55. **<u>ਕਾਲਾ</u>** ਘੋੜਾ ਘਾਹ ਖਾ ਰਿਹਾ ਹੈ।
56. ਉਸਨੇ **<u>ਲਾਲ</u>** ਕਮੀਜ਼ ਪਾਈ ਹੋਈ ਹੈ।

(ਹ) ਹੇਠ ਲਿਖੇ ਵਾਕਾਂ ਵਿੱਚੋਂ ਕਿਰਿਆ ਸ਼ਬਦਾਂ ਹੇਠ ਲਾਈਨ ਲਗਾਓ। (2)

57. ਉਹ **ਪੜ੍ਹਾਈ** ਕਰ ਰਿਹਾ ਹੈ।
58. ਉਹ ਆਪਣਾ ਹਰਾ ਸਵੈਟਰ **ਲੱਭ** ਰਿਹਾ ਸੀ।
59. ਗੀਤਾ ਗਾਣਾ **ਗਾ** ਰਹੀ ਹੈ।
60. ਸਾਹਿਲ ਸਕੂਟਰ **ਚਲਾਉਂਦਾ** ਹੈ।

(ਕ) ਲੇਖ – ਮੇਰਾ ਸਕੂਲ (8)

1. ਮੇਰੇ ਸਕੂਲ ਦਾ ਨਾਂ ਬਾਲ ਭਾਰਤੀ ਪਬਲਿਕ ਸਕੂਲ ਹੈ।
2. ਇਹ ਦੁੱਗਰੀ ਵਿੱਚ ਸਥਿਤ ਹੈ।
3. ਸ੍ਰੀ ਮਾਨ ਅਸ਼ੀਸ਼ ਸਾਹਨੀ ਜੀ ਸਾਡੇ ਮੁੱਖ ਅਧਿਆਪਕ ਜੀ ਹਨ।
4. ਇਸ ਦੀ ਇਮਾਰਤ ਬਹੁਤ ਸੁੰਦਰ ਹੈ।
5. ਇਸ ਵਿੱਚ ਕੁੱਲ ਤੀਹ ਕਮਰੇ ਹਨ।
6. ਇਸ ਦੇ ਕਮਰੇ ਬਹੁਤ ਖੁੱਲ੍ਹੇ ਅਤੇ ਹਵਾਦਾਰ ਹਨ।
7. ਇਸ ਵਿੱਚ ਬੱਚਿਆਂ ਦੇ ਖੇਡਣ ਲਈ ਖੇਡ ਦਾ ਮੈਦਾਨ ਵੀ ਹੈ।
8. ਇੱਥੇ ਸਾਰੇ ਅਧਿਆਪਕ ਬਹੁਤ ਹੀ ਮਿਹਨਤੀ ਅਤੇ ਯੋਗ ਹਨ।
9. ਮੈਨੂੰ ਆਪਣਾ ਸਕੂਲ ਬਹੁਤ ਪਸੰਦ ਹੈ।
10. ਰੱਬ ਕਰੇ ਇਹ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰੇ।